# ਪਾਂਧੀ ਨਨਕਾਣਵੀ ਦੇ ਨਾਟਕਾਂ ਅੰਦਰ ਔਰਤ ਦਾ ਬਿੰਬ ਆਤਮਿਕ ਸੰਦਰਭ ਬਨਾਮ ਸਮਾਜਿਕ ਧਰਾਤਲੀ ਪਰਿਪੇਖ਼

*** ਡਾ. ਦੇਵਿੰਦਰ ਕੁਮਾਰ**

****ਨਵਦੀਪ ਕੌਰ**

ਸਮਾਜ ਦਾ ਭੂਤਕਾਲ ਹੋਵੇ ਜਾਂ ਵਰਤਮਾਨ ਦੋਵਾਂ ਅੰਦਰ ਇਸਤਰੀ ਨੂੰ Second Sex ਦੇ ਤੌਰ ਤੇ ਚਿਤਵਿਆ ਹੀ ਗਿਆ ਹੈ। ਪਰ ਸਮਾਜ ਅੰਦਰ ਇਕ ਘਿਰਣਤ ਵਿਚਾਰਧਾਰਾਂ ਸਭਿਆਚਾਰ ਪਰਤਾਂ ਅੰਦਰ ਮੂਲ ਰੂਪ ਵਿਚ ਪਾਈ ਜਾਂਦੀ ਹੈ। ਮਰਦ ਪ੍ਰਧਾਨ ਸਮਾਜ ਅੰਦਰ ਮਨੁੱਖ ਗੁੰਡਾਂ, ਬਲਤਕਾਰੀ, ਜਾਲਮ ਹੋਵੇ ਤਾਂ ਉਸਨੂੰ ਸਮਾਜ ਨਾਹਤਾ ਘੋੜਾ ਆਖ ਕੇ ਸਾਰੇ ਦੋਸ਼ਾਂ ਤੋ ਬਰੀ ਹੀ ਨਹੀ ਕਰਦਾ ਸਗੋਂ ਬਰੀ ਕਰਕੇ ਅੱਗੇ ਨੂੰ ਵੀ ਦੋਸ਼ ਕਰਨ ਲਈ ਉਕਸਾਉਂਦਾ ਹੈ। ਪਰ ਇਸ ਦੇ ਉਲਟ ਜੇ ਮਰਦ ਵਲੋਂ ਅਚੇਤ ਜਾਂ ਸੁਚੇਤ ਰੂਪ ਵਿੱਚ ਘਿਨਾਉਣੀਆਂ ਪ੍ਰਸਥਿਤੀਆਂ ਪੈਦਾ ਕਰਕੇ ਇਸਤਰੀ ਸੰਗ ਕੁਕਰਮ, ਆਰਥਿਕ, ਸਰੀਰਕ, ਮਾਨਸਿਕ ਸ਼ੋਸਣ ਕੀਤਾ ਜਾਂਦਾ ਹੈ ਤਾਂ ਇਸਨੂੰ ਅਣਗੋਲਿਆਂ ਹੀ ਨਹੀਂ ਜਾਂਦਾ ਸਗੋਂ ਇਸਤਰੀ ਨੂੰ ਦੋਸ਼-ਰਹਿਤ ਹੁੰਦਿਆਂ ਵੀ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ। ਪੂਰੀ ਤਰ੍ਹਾਂ ਬੇਇੱਜ਼ਤ ਕੀਤਾ ਜਾਂਦਾ ਹੈ। ਕਈ ਵਾਰੀ ਇਹ ਦੋਸ਼ ਉਸਦੇ ਸਾਰੇ ਜੀਵਨ ਨੂੰ ਕਲੰਕਿਤ ਕਰੀ ਰੱਖਦਾ ਹੈ। ਇੱਥੋ ਤੱਕ ਕਿ ਬੱਚੇ ਨੂੰ ਜਨਮ ਦੇਣ ਦੀ ਸਥਿਤੀ ਅੰਦਰ ਮਰਦ ਭਾਵੇਂ ਨਾ-ਮਰਦ ਹੋਵੇ, ਪਰ ਦੋਸ਼ੀ ਇਸਤਰੀ ਨੂੰ ਹੀ ਠਹਰਾਇਆ ਜਾਂਦਾ ਹੈ। ਇਹ ਆਮ ਵੇਖਿਆ ਗਿਆ ਹੈ ਅਤੇ ਅਸੀ ਜਾਣਦੇ ਹਾਂ ਕਿ ਮੁੰਡੇ ਨੂੰ ਦੇਣ ਦੀ ਪ੍ਰਸਥਿਤੀ ਵਿੱਚ ਕੇਵਲ ਤੇ ਕੇਵਲ ਮਨੁੱਖ ਦੇ ਹੀ ਸ਼ਕਰਾਣੂ ਹੀ ਹੁੰਦੇ ਹਨ। ਪਰ ਇਸਤਰੀ ਨੂੰ 'ਜੰਮ ਧਰੇ ਪੱਥਰ' ਦਾ ਮੁਹਾਵਰਾ ਵਰਤ ਕੇ ਉਸਦੀ ਥਾਵੇਂ ਹੋਰ ਔਰਤ ਲਿਆ ਕੇ ਉਸਨੂੰ ਜੀਵਨ ਜਿਉਣ ਦੀ ਮੁਥਾਜੀਆਂ ਅੱਗੇ ਤਿਲ-ਤਿਲ ਕੇ ਮਰਨ ਲਈ ਮਜਬੂਰ ਕੀਤਾ ਜਾਂਦਾ ਹੈ। ਕੁਦਰਤੀ ਆਈ ਪਤੀ ਦੀ ਮੌਤ ਦਾ ਠੀਕਰਾ ਵੀਂ ਕਈ ਵਾਰੀ ਔਰਤ ਦੇ ਸਿਰ ਹੀ ਭੰਨਿਆ ਜਾਂਦਾ ਹੈ ਅਤੇ ਉਸਨੂੰ ਬੰਦੇ ਖਾਣੀ ਦਾ ਲਕਬ ਦੇ ਕੇ ਸਮਾਜ ਵਿਚੋਂ ਧਰਕਾਰਿਆਂ ਜਾਂਦਾ ਹੈ। ਇਸਤਰੀ ਦੀ ਉਪਰੋਕਤ ਬਿਰਤਾਂਤਿਕ ਤ੍ਰਾਸਦੀ ਨੂੰ ਵਿਸ਼ਾਗਤ ਬਣਾਉਂਦੀ ਹੋਈ ਮੈ ਪਾਂਧੀ ਨਨਕਾਣਵੀ ਦੇ ਦੋ ਨਾਟਕਾਂ 'ਚਿੜੀ ਵਿਚਾਰੀ ਕੀ **ਪੰਜਾਬੀ ਵਿਭਾਗ, ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ(ਪੰਜਾਬ)**

ਕਰੇ' ਅਤੇ 'ਇਕ ਪਹਿਰ ਰਾਤ' ਦੇ ਸੰਦਰਭ ਵਿੱਚ ਵਿਚਾਰ-ਵਿਮਰਸ਼ ਅਧੀਨ ਲਿਆਵਾਂਗੀ।

'ਚਿੜੀ ਵਿਚਾਰੀ ਕੀ ਕਰੇ' ਨਾਟਕ ਅੰਦਰ ਪਾਂਧੀ ਨਨਕਾਣਵੀ ਇਹ ਸਿੱਧ ਕਰਦੇ ਹਨ ਕਿ ਬੇਸਵਾ ਬਣਦੀ ਨਹੀਂ ਸਗੋਂ ਸਮਾਜ ਵਿਚਲੇ ਗੁੰਡਿਆਂ ਅਤੇ ਗੈਰ-ਸਮਾਜੀ ਤੱਤਾਂ ਵਲੋਂ ਤਵਾਇਫ਼ ਬਣਾਈ ਜਾਂਦੀ ਹੈ। ਇਸਤਰੀ ਤਾਂ ਹਮੇਸ਼ਾਂ ਘਰ ਲੋਚਦੀ ਹੈ ਪਰ ਉਸ ਨੂੰ ਚਕਲੇ ਜਾਂ ਕੋਠੇ ਅੰਦਰ ਸਮਾਜ ਦੇ ਕੁਝ ਗੰਦੇ ਅੰਸ਼ਰਾਂ ਵਲੋਂ ਜਬਰਨ ਕੈਦ ਕੀਤਾ ਜਾਂਦਾ ਹੈ ਭਾਵੇਂ ਇਸ ਅੰਦਰ ਉਸ ਦਾ ਕੋਈ ਕਸੂਰ ਨਹੀਂ ਹੁੰਦਾ ਉਹ ਮਜ਼ਬੂਰ ਹੁੰਦੀ ਹੈ। ਪਰ ਫਿਰ ਵੀ ਸਮਾਜ ਵਲੋਂ ਉਸ ਨੂੰ ਦੋਸ਼ੀ,ਕਲੰਕਣੀ ਕਹਿ ਕੇ ਧਰਕਾਰਿਆ ਜਾਂਦਾ ਹੈ। ਕਈ ਵਾਰੀ ਕਿਸੇ ਪਰਾਏ ਗਾਹਕ ਤੋ ਜੇ ਉਹ ਗਰਭਵਤੀ ਹੋ ਜਾਏ ਅਤੇ ਉਸਨੂੰ ਪੁੱਤਰੀ ਪੈਦਾ ਹੋ ਜਾਵੇ ਤਾਂ ਸਮਾਜ ਉਸ ਅਣਦੋਸ਼ੀ ਕਲੀ ਨੂੰ ਵੀ ਬੇਸਵਾ ਦੇ ਰੂਪ ਵਿੱਚ ਵੇਖਣਾ ਤੇ ਰੱਖਣਾ ਚਾਹੁੰਦਾ ਹੈ। ਭਾਵੇਂ ਉਹ ਮਨੁੱਖ

ਜਿਸ ਦੇ ਸ਼ਕਰਾਣੂ ਤੋ ਇਹ ਧੀ ਪੈਦਾ ਹੋਈ, ਜੇ ਉਸਨੂੰ ਭਲੀਭਾਂਤ ਇਹ ਪਤਾ ਹੋਵੇ ਕਿ ਬੇਸਵਾ ਦੀ ਕੁੱਖੋ ਇਹ ਮੇਰੀ ਧੀ ਹੈ, ਉਹ ਵੀ ਆਪਣੀ ਇਸ ਸਕੀ ਧੀ ਨੂੰ, ਬੇਸਵਾ ਦੀਆਂ ਨਜਰਾਂ ਨਾਲ ਹੀ ਵੇਖੇਗਾ। 'ਚਿੜੀ ਵਿਚਾਰੀ ਕੀ ਕਰੇ' ਦੀ ਨਾਇਕਾ ਅੰਜਨਾ ਨਾਲ ਵੀ ਇਹੋ ਬੀਤਦੀ ਹੈ। ਅੰਜਨਾ ਨਾਲ ਵੀ ਉਸਦਾ ਸ਼ਰਾਬੀ ਜੇਠ ਬਲਾਤਕਾਰ ਕਰਨਾ ਚਾਹੁੰਦਾ ਹੈ, ਉਸਦੇ ਪਤੀ ਵਲੋ ਮੌਕੇ ਉੱਪਰ ਆ ਕੇ ਆਪਣੇ ਵੱਡੇ ਭਰਾ ਨੂੰ ਕੁੱਝ ਨਾ ਕਹਿਣਾ ਅਤੇ ਨਿਰਦੋਸ਼ ਅੰਜਨਾ ਨੂੰ ਦੋਸ਼ੀ ਠਹਿਰਾਉਣਾ ਅੰਜਨਾ ਨਾਲ ਘੋਰ ਇਨਸਾਫੀ ਹੁੰਦੀ ਹੈ। ਪਰ ਸਮਾਜ ਅੰਦਰ ਉਸ ਨੂੰ ਇਨਸਾਫੀ ਦਿਵਾਉਣ ਵਾਲਾ ਕੋਈ ਵੀ ਨਹੀ ਹੈ। ਉਸ ਦੇ ਪਤੀ ਵਲੋ ਘਰ ਤਿਆਗਣ ਤੋਂ ਪਿੱਛੋ ਉਸ ਦਾ ਨਵਾਂ ਬਣਿਆ ਜੇਠ ਤੋਂ ਪਤੀ ਆਪਣੇ ਸ਼ਰਾਬ ਦੇ ਵਪਾਰ ਨੂੰ ਵਧਾਉਣ ਲਈ ਪੈਸੇ ਦੇ ਲਾਲਚ ਅੰਦਰ ਸ਼ਰਾਬ ਮਹਿਕਮੇ ਦੇ ਅਫਸਰ ਅੱਗੇ ਆਪਣੇ ਹੱਥੀ ਪੇਸ਼ ਕਰਦਾ ਹੈ। ਅਫਸਰ ਸਾਰੀ ਰਾਤ ਉਸਦਾ ਮਾਸ ਨੋਚਦਾ ਹੈ। ਖੁੱਥਿਆ ਸਰੀਰ ਲੈ ਕੇ ਉਹ ਸਵੇਰੇ ਟੈਕਸੀ ਵਿਚ ਬੈਠਦੀ ਹੈ ਤੇ ਟੈਕਸੀ ਵਾਲਾ ਉਸਨੂੰ ਤਾਜੋ ਬਾਈ ਦੇ ਕੋਠੇ ਉੱਪਰ ਵੇਚ ਦਿੰਦਾ ਹੈ। ਜਿੱਥੇ ਉਸਨੂੰ ਮਾਨਸਿਕ, ਸਰੀਰਕ ਤਸੀਹੇ ਦੇ ਕੇ ਸਤਾਇਆਂ ਜਾਂਦਾ ਹੈ ਅਤੇ

ਸਰੀਰ ਵੇਚਣ ਲਈ ਮਜ਼ਬੂਰ ਕਰ ਲਿਆ ਜਾਂਦਾ ਹੈ। ਅੰਜਨਾ ਦੇ ਦੋਵੇ ਪਤੀ ਸਾਰੀ ਸੱਚਾਈ ਜਾਣਦੇ ਹੋਏ ਵੀ ਮੁੜ ਉਸਨੂੰ ਸਮਾਜ ਅੰਦਰ ਲਿਆਉਣ ਦੀ ਕੋਸ਼ਿਸ ਨਹੀ ਕਰਦੇ ਕਿਉਂਕਿ ਉਸ ਉੱਪਰ ਕੋਠੇ ਦਾ ਪਰਛਾਵਾਂ ਪੈ ਚੁੱਕਾ ਹੈ।

ਪਰ ਪਾਂਧੀ ਨਨਕਾਣਵੀ ਇਸ ਤ੍ਰਾਸਦੀ ਦਾ ਹੱਲ ਇਹ ਕਰਦਾ ਹੈ ਕਿ 'ਆਪਣੇ ਹੱਥੀ ਆਪਣਾ ਆਪੇ ਹੀ ਕਾਜ ਸੰਵਾਰੀਏ'। ਕੋਈ ਸਮਾਂ ਸੀ ਜਦੋ ਬਹੁਪਤੀ ਪਰਿਵਾਰ ਆਮ ਹੁੰਦੇ ਸਨ। ਇਸ ਦੀ ਉਦਾਹਰਣ ਮਹਾਂਭਾਰਤ ਨਾਮੀ ਗ੍ਰੰਥ ਅੰਦਰ ਪਈ ਹੈ ਕਿ ਦਰੋਪਤੀ ਦੇ ਪੰਜ ਪਤੀ ਸਨ। ਵਿਆਹੀ ਉਸਨੇ ਕਰਨ ਨਾਲ ਜਾਣਾ ਸੀ ਪਰ ਕਿਸੇ ਕਾਰਨ ਉਸਨੂੰ ਪੰਜੇ ਪਤੀ ਹੰਢਾਉਣੇ ਪਏ। ਭਾਵੇਂ ਬਹੁਪਤੀ ਪਰਿਵਾਰ ਦੀ ਪਰੰਪਰਾ ਪੂਰਨ ਰੂਪ ਵਿਚ ਅਲੋਪ ਹੋ ਚੁੱਕੀ ਹੈ। ਪਰ ਅਜੇ ਵੀ ਇਸਦੀ ਰਹਿੰਦ-ਖੂੰਹਦ ਸਮਾਜ ਅੰਦਰ ਪਈ ਹੈ। ਜਿਸ ਦਾ ਸਭ ਤੋ ਵੱਡਾ ਕਾਰਨ ਆਰਥਿਕਤਾ ਬਣਦਾ ਹੈ। ਇਸਤਰੀ ਭਾਵੇਂ ਵਿਆਹੀ ਇੱਕ ਮਨੁੱਖ ਨੂੰ ਜਾਂਦੀ ਹੈ, ਜਿਸ ਦਿਲ ਅੰਦਰ ਆਸ਼ਾ, ਉਮੰਗਾਂ, ਚਾਵਾਂ, ਸ਼ਗਨਾਂ ਨੇ ਟੁਪਉਸੀਆਂ ਮਾਰਨੀਆਂ ਹੁੰਦੀਆਂ ਹਨ। ਜਦੋਂ ਉਹ ਸਹੁਰੇ ਘਰ ਆ ਕੇ ਘੱਟ ਜਮੀਨ, ਘੱਟ ਘਰ ਜਾਂ ਆਰਥਿਕ ਮਜ਼ਬੂਰੀਆਂ ਨੂੰ ਤੱਕਦੀ ਹੈ ਤਾਂ ਉਹ ਇਨ੍ਹਾਂ ਪ੍ਰਸਥਿਤੀਆਂ ਦਾ ਕੇਂਦਰ ਬਿੰਦੂ ਬਣ ਜਾਂਦੀ ਹੈ ਕਿਉਂਕਿ ਸਮਾਜ ਆਖਦਾ ਹੈ, ਨਾਮ ਮਰਦਾ ਦਾ, ਘਰ ਤੀਵੀਆਂ ਦਾ। ਘਰ ਵੱਥਰਣ ਬਣਕੇ ਘਰ ਚਲਾਉਣ, ਵਸਾਉਣ ਤੇ ਅੱਗੇ ਵਧਾਉਣ ਦੀ ਜਿੰਮੇਵਾਰੀ ਉਸ ਉੱਪਰ ਆ ਜਾਂਦੀ ਹੈ। ਘਰ ਵਿੱਚ ਬੈਠਾ ਵੱਡ ਉਮਰਾ ਜੇਠ ਜਾਂ ਉਸ ਤੋਂ ਛੋਟਾ ਦਿਉਰ ਹੁੰਦਾ। ਮਾਨਸਿਕ ਤੌਰ ਤੇ ਉਹ ਇਹ ਨਹੀ ਚਾਹੁੰਦੀ ਕਿ ਉਸ ਦੀ ਘੱਟ ਜਮੀਨ ਹੋਰ ਜੋਤਾ ਵਿੱਚ ਖਿੰਡ ਜਾਵੇ, ਇਸ ਨੂੰ ਇਕੱਠਾ ਰੱਖਣ ਲਈ ਉਹ ਦਿਉਰ ਅਤੇ ਜੇਠ ਨਾਲ ਚੋਰੀ ਦਾ ਸਾਕ ਨਿਭਾਉਂਦੀ ਹੈ ਅਤੇ ਕਈ ਵਾਰ ਸਮਾਜ ਵਲੋਂ ਕੀਤੀ ਘੁਰਘੁਰ ਦਾ ਜਵਾਬ ਉਹ ਬਗਾਵਤ ਦੇ ਰੂਪ ਵਿਚ ਦਿੰਦੀ ਹੈ। 'ਲਾ ਲਉ ਮੇਰੇ ਫਰਮਾਨ ਤੋ ਗੋਹਾ, ਮੇਰੇ ਸਹੁਰੇ ਦੇ ਪੁੱਤ ਹਨ, ਮੈ ਤਾਂ ਹੰਢਾਉਗੀ।' ਨਾਟਕ 'ਇਕ ਪਹਿਰ ਰਾਤ' ਵੀ ਸਮਾਜ ਦੀ ਇਸ ਪਰਤ ਦਾ ਹੀ ਚਿਤਰਨ ਹੈ। ਨਾਟਕ ਦੀ ਨਾਇਕਾ ਪਾਸ਼ੀ ਭਾਵੇਂ ਜਿਉਣ ਸਿੰਘ ਨਾਲ ਵਿਆਹੀ ਹੋਈ ਹੈ ਪਰ ਉਸ ਦੇ ਦੂਜੇ ਭਰਾ ਵੀ ਉਸਨੂੰ ਆਪਣੀ ਤੀਵੀਂ ਹੀ ਮੰਨਦੇ ਹਨ। ਅਤੇ ਉਸ ਉੱਪਰ ਮਾਨਸਿਕ ਤੇ ਸਰੀਰਕ ਤਸਦੱਦ ਕਰਦੇ ਹਨ। ਇਸ ਦਾ ਕਾਰਨ ਬ੍ਰਾਹਮਣ ਆਸ਼ਰਮ ਵਿੱਚ ਪਿਆ ਹੈ। ਤੁਲਸੀਦਾਸ ਲਿਖਦਾ ਹੈ,

ਸੂਦਰ ਪਸੂ ਦਾਸ ਔਰ ਨਾਈ,
ਚਾਰੇ ਤਾੜਨਿ ਕਿ ਅਧਿਕਾਰੀ।

ਇਹ ਦੋਹਾ ਉਨ੍ਹਾਂ ਨੂੰ ਪਾਸ਼ੀ ਉੱਪਰ ਹਰ ਤਰ੍ਹਾਂ ਦਾ ਜੁਲਮ ਕਰਨ ਦਾ ਅਧਿਕਾਰ ਦਿੰਦਾ ਹੈ ਅਤੇ ਪਾਸ਼ੀ ਨੂੰ ਸਭ ਕੁਝ ਸਹਿਣ ਦਾ ਹੁਕਮ। ਜਦੋਂ ਪਾਸ਼ੀ ਜੰਗੀਰੇ ਕੋਲ ਆਉਦੀ ਹੈ ਤਾਂ ਚੌਧਰੀ ਉਸ ਨੂੰ ਜੰਗੀਰੇ ਕੋਲੋਂ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਕਿ ਉਸ ਨੂੰ ਵੇਚ ਵੱਟ ਕੇ ਮਾਇਆ ਹਾਸਲ ਕਰ ਸਕੇ। ਬਿਨਾਂ ਜੰਗੀਰੇ ਤੇ ਸ਼ਰਨੀ ਤੋਂ ਉਸ ਨਾਲ ਕੋਈ ਹਮਦਰਦੀ ਨਹੀਂ ਕਰਦਾ। ਸ਼ਰਨੀ ਵੀ ਚੌਧਰੀ ਦੇ ਕਿਰਦਾਰ ਨੂੰ ਵੇਖ ਕੇ ਹੀ ਪਾਸ਼ੀ ਦੀ ਮਦਦ ਕਰਦੀ ਹੈ ਕਿਉਂਕਿ ਚੌਧਰੀ ਸ਼ਰਨੀ ਨੂੰ ਕਿਤੇ ਹੋਰ ਬਿਠਾ ਕੇ ਪੈਸੇ ਵੱਟਣ ਦੀ ਗੱਲ ਸੋਚੀ ਬੈਠਾ ਹੈ। ਇਹੋ ਸਾਰੇ ਬਿਰਤਾਂਤ ਵਿਚੋ ਮੈਨੂੰ ਇਉਂ ਭਾਸਦਾ ਹੈ ਕਿ ਸਮਾਜ ਅੰਦਰ ਇਸਤਰੀ ਨੂੰ ਤ੍ਰਿਸਕਾਰ ਭਰੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਭਾਵੇਂ ਉਹ ਮਾਂ, ਭੈਣ, ਧੀ, ਇਸਤਰੀ ਦਾਦੀ ਦੇ ਰੂਪ ਵਿੱਚ ਹੋਵੇ ਪਰ ਦੋਸ਼ ਨਿਰੂਪਣ ਕਰਨ ਸਮੇ ਮਰਦ ਪ੍ਰਧਾਨ ਸਮਾਜ ਸਕੇਦਾਰੀਆਂ ਭੁੱਲ ਜਾਂਦਾ ਹੈ। ਜੇ ਕਾਵਿ ਦੀ ਗੱਲ ਕੀਤੀ ਜਾਵੇ ਤਾਂ ਪੁਰਾਣੇ ਕਿੱਸਾਕਰਾਂ ਨੇ ਧਾਰਮਿਕ ਅਕੀਦਿਆਂ ਨੂੰ ਅੱਗੇ ਰੱਖਦੇ ਹੋਏ ਇਸਤਰੀ ਨੂੰ ਭੰਡਣ ਤੋਂ ਸਿਵਾਏ ਗਾਲ੍ਹਾਂ ਵਰਗੇ ਲਕਬ ਦਿੱਤੇ, ਚਾਹੇ ਇਸ ਧਰਤੀ ਵਰਗੀ ਇਸਤਰੀ ਨੇ ਉਹਨਾਂ ਨੂੰ ਜਨਮ ਦਿੱਤਾ ਹੋਵੇ ਜਾਂ ਮਹਿਬੂਬ ਬਣਕੇ ਪਿਆਰ ਪਰ ਮੇਰਾ ਬਾਬਾ ਨਾਨਕ ਹੀ ਹੈ। ਜਿਸਨੇ ਆਖਿਆ,

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਨ ॥

## ਪੁਸਤਕ ਸੂਚੀ

1. ਚਿੜੀ ਵਿਚਾਰੀ ਕੀ ਕਰੇ?(ਘਰਿ ਘਰਿ ਏਹਾ ਅਗਿ) ਤਿੰਨ ਸੰਪੂਰਨ ਨਾਟਕ, ਨਾਟਕਲਾ ਪ੍ਰਕਾਸ਼ਨ, ਦਿੱਲੀ

2. ਇੱਕ ਪਹਿਰ ਰਾਤ, ਨਾਟਕਲਾ ਪ੍ਰਕਾਸ਼ਨ, ਦਿੱਲੀ